**ਇੰਗਲੈਂਡ ਦੀ ਸੰਸਦੀ ਕਮੇਟੀ ਦੀ ਰਿਪੋਰਟ ਵਿੱਚ ਭਾਰਤ ਦੇ ਸੰਦਰਭ ਸੰਬੰਧੀ ਮੀਡੀਆ ਦੀ ਪੁੱਛ-ਗਿੱਛ ਦਾ ਅਧਿਕਾਰਕ ਬੁਲਾਰੇ ਵਲੋਂ ਜਵਾਬ**

01 ਅਗਸਤ, 2025

ਇੰਗਲੈਂਡ ਦੀ ਸੰਸਦੀ ਕਮੇਟੀ ਦੀ ਰਿਪੋਰਟ ਵਿੱਚ ਭਾਰਤ ਦੇ ਸੰਦਰਭ ਸੰਬੰਧੀ ਮੀਡੀਆ ਸੰਬੰਧੀ ਪੁੱਛ-ਗਿੱਛ ਦੇ ਜਵਾਬ ਵਿੱਚ ਸਰਕਾਰੀ ਬੁਲਾਰੇ ਸ਼੍ਰੀ ਰਣਧੀਰ ਜੈਸਵਾਲ ਨੇ ਕਿਹਾ ਕਿ:

ਅਸੀਂ ਰਿਪੋਰਟ ਵਿੱਚ ਭਾਰਤ ਦੇ ਸੰਦਰਭ ਦੇਖੇ ਹਨ ਅਤੇ ਇਹਨਾਂ ਬੇਬੁਨਿਆਦ ਦੋਸ਼ਾਂ ਨੂੰ ਸਪੱਸ਼ਟ ਤੌਰ ਤੇ ਰੱਦ ਕਰਦੇ ਹਾਂ। ਇਹ ਦਾਅਵੇ ਗੈਰ-ਪ੍ਰਮਾਣਿਤ ਅਤੇ ਸ਼ੱਕੀ ਸਰੋਤਾਂ ਤੋਂ ਪੈਦਾ ਹੋਏ ਹਨ, ਮੁੱਖ ਤੌਰ 'ਤੇ ਪਾਬੰਦੀਸ਼ੁਦਾ ਸੰਸਥਾਵਾਂ ਅਤੇ ਵਿਅਕਤੀਆਂ ਨਾਲ ਜੁੜੇ ਹੋਏ ਹਨ ਜੋ ਕਿ ਭਾਰਤ ਵਿਰੋਧੀ ਦੁਸ਼ਮਣੀ ਦਾ ਸਪੱਸ਼ਟ, ਦਸਤਾਵੇਜ਼ੀਕ੍ਰਿਤ ਇਤਿਹਾਸ ਰੱਖਦੇ ਹਨ। ਬਦਨਾਮ ਸਰੋਤਾਂ 'ਤੇ ਜਾਣਬੁੱਝ ਕੇ ਕੀਤਾ ਭਰੋਸਾ ਰਿਪੋਰਟ ਦੀ ਖੁਦ ਦੀ ਭਰੋਸੇਯੋਗਤਾ 'ਤੇ ਸਵਾਲ ਉਠਾਉਂਦਾ ਹੈ।

ਨਵੀਂ ਦਿੱਲੀ

01 ਅਗਸਤ, 2025